**Translated Test Directions**
**Online Test Administration Manual**
**Test Administration Script Supplement**
**Language: Punjabi**

**ਪੰਨਾ 48**

## 10.1 ਇੱਕ ਟੈਸਟ ਸੈਸ਼ਨ ਸ਼ੁਰੂ ਕਰਨਾ

**ਕਹੋ**: ਅੱਜ, ਤੁਸੀਂ ਸਮਾਰਟਰ ਬੈਲੇਂਸਡ (Smarter Balanced) [ਟੈਸਟ ਦਾ ਨਾਮ' (NAME OF TEST) (ਇੰਗਲਿਸ਼ ਲੈਂਗੁਏਜ ਆਰਟਸ ਗ੍ਰੇਡ 4 ਕੰਪਿਊਟਰ ਅਡੈਪਟਿਵ ਟੈਸਟ)] ਟੈਸਟ ਦਿਓਗੇ। ਤੁਹਾਨੂੰ ਇੱਕ ਟੈਸਟ ਸੈਸ਼ਨ ID ਦਿੱਤੀ ਜਾਵੇਗੀ ਜੋ ਟੈਸਟ ਸ਼ੁਰੂ ਕਰਨ ਲਈ ਲੋੜੀਂਦੀ ਹੈ। ਲੌਗਇਨ ਕਰਨ ਤੋਂ ਪਹਿਲਾਂ, ਆਓ ਟੈਸਟ ਦੇ ਕੁਝ ਨਿਯਮਾਂ ਬਾਰੇ ਜਾਣੀਏ।

ਤੁਹਾਨੂੰ ਅਗਲਾ (NEXT) ਨੂੰ ਚੁਣਨ ਤੋਂ ਪਹਿਲਾਂ ਸਕ੍ਰੀਨ 'ਤੇ ਹਰੇਕ ਸਵਾਲ ਦਾ ਉੱਤਰ ਦੇਣਾ ਚਾਹੀਦਾ ਹੈ। ਜੇਕਰ ਤੁਹਾਨੂੰ ਕਿਸੇ ਉੱਤਰ ਬਾਰੇ ਯਕੀਨ ਨਹੀਂ ਹੈ, ਤਾਂ ਉਹ ਉੱਤਰ ਪ੍ਰਦਾਨ ਕਰੋ ਜੋ ਤੁਸੀਂ ਸੋਚਦੇ ਹੋ ਕਿ ਸਭ ਤੋਂ ਵਧੀਆ ਉੱਤਰ ਹੈ। ਜੇਕਰ ਤੁਸੀਂ ਬਾਅਦ ਵਿੱਚ ਉਸ ਉੱਤਰ ਦੀ ਸਮੀਖਿਆ ਕਰਨਾ ਚਾਹੁੰਦੇ ਹੋ, ਤਾਂ ਅਗਲੇ ਪ੍ਰਸ਼ਨ 'ਤੇ ਜਾਣ ਤੋਂ ਪਹਿਲਾਂ ਪ੍ਰਸ਼ਨ ਨੂੰ ਸਮੀਖਿਆ ਲਈ ਚਿੰਨ੍ਹਿਤ ਕਰੋ। ਤੁਸੀਂ ਪਿਛਾਂਹ ਜਾ ਸਕਦੇ ਹੋ ਅਤੇ ਇਸ ਟੈਸਟ ਸੈਸ਼ਨ ਦੌਰਾਨ ਉੱਤਰ ਬਦਲ ਸਕਦੇ ਹੋ।

ਤੁਸੀਂ ਕਿਸੇ ਸਵਾਲ ਦਾ ਉੱਤਰ ਦੇਣ ਤੋਂ ਬਾਅਦ ਅਗਲਾ (NEXT) ਦੀ ਬਜਾਏ ਰੁਕਣਾ (PAUSE) ਚੁਣ ਕੇ ਟੈਸਟ ਦੇ ਕਿਸੇ ਵੀ ਸਮੇਂ ਰੁਕ ਸਕਦੇ ਹੋ। ਜੇਕਰ ਤੁਹਾਨੂੰ ਬਰੇਕ ਦੀ ਲੋੜ ਹੈ ਤਾਂ ਕਿਰਪਾ ਕਰਕੇ ਆਪਣਾ ਹੱਥ ਉਠਾਓ ਅਤੇ ਰੁਕਣਾ (PAUSE) ਚੁਣਨ ਤੋਂ ਪਹਿਲਾਂ ਆਗਿਆ ਮੰਗੋ।

**ਕਹੋ**: ਅੱਜ, ਤੁਸੀਂ ਸਮਾਰਟਰ ਬੈਲੇਂਸਡ (Smarter Balanced) [ਟੈਸਟ ਦਾ ਨਾਮ' (NAME OF TEST) (ELA ਗ੍ਰੇਡ 4 ਕੰਪਿਊਟਰ ਅਡੈਪਟਿਵ ਟੈਸਟ)] ਟੈਸਟ ਦਿਓਗੇ। ਤੁਹਾਨੂੰ ਇੱਕ ਟੈਸਟ ਸੈਸ਼ਨ ID ਦਿੱਤੀ ਜਾਵੇਗੀ ਜੋ ਟੈਸਟ ਸ਼ੁਰੂ ਕਰਨ ਲਈ ਲੋੜੀਂਦੀ ਹੈ। ਲੌਗਇਨ ਕਰਨ ਤੋਂ ਪਹਿਲਾਂ, ਆਓ ਟੈਸਟ ਦੇ ਕੁਝ ਨਿਯਮਾਂ ਬਾਰੇ ਜਾਣੀਏ।

ਤੁਹਾਨੂੰ ਅਗਲਾ (NEXT) ਨੂੰ ਚੁਣਨ ਤੋਂ ਪਹਿਲਾਂ ਸਕ੍ਰੀਨ 'ਤੇ ਹਰੇਕ ਸਵਾਲ ਦਾ ਉੱਤਰ ਦੇਣਾ ਚਾਹੀਦਾ ਹੈ। ਜੇਕਰ ਤੁਹਾਨੂੰ ਕਿਸੇ ਉੱਤਰ ਬਾਰੇ ਯਕੀਨ ਨਹੀਂ ਹੈ, ਤਾਂ ਉਹ ਉੱਤਰ ਪ੍ਰਦਾਨ ਕਰੋ ਜੋ ਤੁਸੀਂ ਸੋਚਦੇ ਹੋ ਕਿ ਸਭ ਤੋਂ ਵਧੀਆ ਉੱਤਰ ਹੈ। ਜੇਕਰ ਤੁਸੀਂ ਬਾਅਦ ਵਿੱਚ ਉਸ ਉੱਤਰ ਦੀ ਸਮੀਖਿਆ ਕਰਨਾ ਚਾਹੁੰਦੇ ਹੋ, ਤਾਂ ਅਗਲੇ ਪ੍ਰਸ਼ਨ 'ਤੇ ਜਾਣ ਤੋਂ ਪਹਿਲਾਂ ਪ੍ਰਸ਼ਨ ਨੂੰ ਸਮੀਖਿਆ ਲਈ ਚਿੰਨ੍ਹਿਤ ਕਰੋ। ਤੁਸੀਂ ਪਿਛਾਂਹ ਜਾ ਸਕਦੇ ਹੋ ਅਤੇ ਇਸ ਟੈਸਟ ਸੈਸ਼ਨ ਦੌਰਾਨ ਉੱਤਰ ਬਦਲ ਸਕਦੇ ਹੋ।

ਤੁਸੀਂ ਕਿਸੇ ਸਵਾਲ ਦਾ ਉੱਤਰ ਦੇਣ ਤੋਂ ਬਾਅਦ ਅਗਲਾ (NEXT) ਦੀ ਬਜਾਏ ਰੁਕਣਾ (PAUSE) ਚੁਣ ਕੇ ਟੈਸਟ ਦੇ ਕਿਸੇ ਵੀ ਸਮੇਂ ਰੁਕ ਸਕਦੇ ਹੋ। ਜੇਕਰ ਤੁਹਾਨੂੰ ਬਰੇਕ ਦੀ ਲੋੜ ਹੈ ਤਾਂ ਕਿਰਪਾ ਕਰਕੇ ਆਪਣਾ ਹੱਥ ਉਠਾਓ ਅਤੇ ਰੁਕਣਾ (PAUSE) ਚੁਣਨ ਤੋਂ ਪਹਿਲਾਂ ਆਗਿਆ ਮੰਗੋ।

**ਪੰਨਾ 49**

**ਕਹੋ:** ਤੁਹਾਡੇ ਉੱਤਰ ਤੁਹਾਡਾ ਆਪਣਾ ਕੰਮ ਹੋਣੇ ਚਾਹੀਦੇ ਹਨ। ਕਿਰਪਾ ਕਰਕੇ ਆਪਣੀਆਂ ਅੱਖਾਂ ਆਪਣੇ ਇਮਤਿਹਾਨ 'ਤੇ ਰੱਖੋ ਅਤੇ ਯਾਦ ਰੱਖੋ, ਕੋਈ ਗੱਲਬਾਤ ਨਹੀਂ ਹੋਣੀ ਚਾਹੀਦੀ। ਜੇਕਰ ਤੁਹਾਡੇ ਕੋਲ ਸੈਲ ਫ਼ੋਨ, ਸਮਾਰਟਵਾਚ, ਜਾਂ ਹੋਰ ਗੈਰ-ਪ੍ਰਵਾਨਿਤ ਇਲੈਕਟ੍ਰਾਨਿਕ ਯੰਤਰ ਹਨ, ਤਾਂ ਕਿਰਪਾ ਕਰਕੇ ਆਪਣਾ ਹੱਥ ਉਠਾਓ ਅਤੇ ਮੈਂ ਟੈਸਟ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਨੂੰ ਇਕੱਠਾ ਕਰ ਲਵਾਂਗਾ/ਗੀ।

ਜੇਕਰ ਤੁਸੀਂ ਆਪਣਾ ਟੈਸਟ ਜਲਦੀ ਪੂਰਾ ਕਰ ਲੈਂਦੇ ਹੋ, ਤਾਂ ਕਿਰਪਾ ਕਰਕੇ ਆਪਣਾ ਹੱਥ ਉਠਾਓ ਅਤੇ ਚੁੱਪਚਾਪ ਬੈਠੋ।

**ਕਹੋ:** ਹੁਣ ਅਸੀਂ ਲੌਗਇਨ ਕਰਨ ਲਈ ਤਿਆਰ ਹਾਂ। ਇੱਕ ਵਾਰ ਜਦੋਂ ਤੁਸੀਂ ਲੌਗਇਨ ਕਰ ਲੈਂਦੇ ਹੋ, ਤਾਂ ਤੁਹਾਨੂੰ ਟੈਸਟ ਸ਼ੁਰੂ ਕਰਨ ਤੋਂ ਪਹਿਲਾਂ ਮੇਰੇ ਦੁਆਰਾ ਟੈਸਟ ਨੂੰ ਮਨਜ਼ੂਰੀ ਦੇਣ ਦੀ ਉਡੀਕ ਕਰਨੀ ਪਵੇਗੀ। ਮੈਂ ਜਾਂਚ ਕਰਾਂਗਾ/ਗੀ ਕਿ ਤੁਸੀਂ ਟੈਸਟ ਸੈਸ਼ਨ ID ਅਤੇ ਹੋਰ ਜਾਣਕਾਰੀ ਸਹੀ ਢੰਗ ਨਾਲ ਦਾਖਲ ਕੀਤੀ ਹੈ।

ਆਪਣਾ ਕਨੂੰਨੀ ਪਹਿਲਾ ਨਾਮ ਦਾਖਲ ਕਰੋ, ਨਾ ਕਿ ਆਪਣਾ ਉਪਨਾਮ, ਉਸ ਤੋਂ ਬਾਅਦ ਆਪਣਾ SSID ਨੰਬਰ। ਫਿਰ ਟੈਸਟ ਸੈਸ਼ਨ ID ਦਾਖਲ ਕਰੋ। ਜੇਕਰ ਤੁਹਾਨੂੰ ਆਪਣੇ ਕੀਬੋਰਡ 'ਤੇ ਇਹ ਜਾਣਕਾਰੀ ਟਾਈਪ ਕਰਨ ਵਿੱਚ ਮਦਦ ਦੀ ਲੋੜ ਹੈ ਤਾਂ ਆਪਣਾ ਹੱਥ ਉਠਾਓ।

ਹੁਣ ਸਾਈਨ ਇਨ (SIGN IN) ਚੁਣੋ। ਇੱਕ ਵਾਰ ਜਦੋਂ ਤੁਸੀਂ ਸਫਲਤਾਪੂਰਵਕ ਲੌਗਇਨ ਕਰ ਲੈਂਦੇ ਹੋ, ਤਾਂ ਤੁਸੀਂ ਆਪਣੇ ਪਹਿਲੇ ਨਾਮ ਅਤੇ ਤੁਹਾਡੇ ਬਾਰੇ ਹੋਰ ਜਾਣਕਾਰੀ ਵਾਲੀ ਇੱਕ ਸਕ੍ਰੀਨ ਦੇਖੋਗੇ। ਜੇਕਰ ਤੁਹਾਡੀ ਸਕ੍ਰੀਨ 'ਤੇ ਮੌਜੂਦ ਸਾਰੀ ਜਾਣਕਾਰੀ ਸਹੀ ਹੈ, ਤਾਂ ਜਾਰੀ ਰੱਖਣ ਲਈ ਹਾਂ (YES) ਚੁਣੋ। ਜੇਕਰ ਕੋਈ ਵੀ ਜਾਣਕਾਰੀ ਗਲਤ ਹੈ, ਤਾਂ ਕਿਰਪਾ ਕਰਕੇ ਆਪਣਾ ਹੱਥ ਉਠਾਓ ਅਤੇ ਮੈਨੂੰ ਦੱਸੋ ਕਿ ਕੀ ਗਲਤ ਹੈ।

**ਪੰਨਾ 51**

**ਕਹੋ:** ਤੁਸੀਂ ਹੁਣ ਇੱਕ ਸਕ੍ਰੀਨ ਦੇਖੋਗੇ ਜੋ ਤੁਹਾਨੂੰ ਤੁਹਾਡੇ ਟੈਸਟ ਸਮੱਗਰੀ ਖੇਤਰ ਅਤੇ ਸੈਟਿੰਗਾਂ ਦੀ ਜਾਂਚ ਕਰਨ ਲਈ ਕਹੇਗੀ। ਜੇਕਰ ਸਾਰੀ ਜਾਣਕਾਰੀ ਸਹੀ ਹੈ, ਤਾਂ ਤੁਸੀਂ ਹਾਂ, ਮੇਰਾ ਟੈਸਟ ਸ਼ੁਰੂ ਕਰੋ (YES, START MY TEST) ਚੁਣ ਸਕਦੇ ਹੋ। ਜੇਕਰ ਇਹਨਾਂ ਵਿੱਚੋਂ ਕੋਈ ਵੀ ਗਲਤ ਹੈ, ਕਿਰਪਾ ਕਰਕੇ ਆਪਣਾ ਹੱਥ ਉਠਾਓ।

**[ਹੇਠ ਲਿਖੇ ਨੂੰ ਸਿਰਫ਼ ELA ਟੈਸਟ ਲਈ ਪੜ੍ਹਿਆ ਜਾਣਾ ਚਾਹੀਦਾ ਹੈ]**

**ਕਹੋ:** ਅੱਗੇ ਤੁਹਾਨੂੰ ਇੱਕ ਸਕ੍ਰੀਨ ਦਿਖਾਈ ਦੇਣੀ ਚਾਹੀਦੀ ਹੈ ਜੋ ਤੁਹਾਨੂੰ ਇਹ ਜਾਂਚਣ ਲਈ ਪੁੱਛਦੀ ਹੈ ਕਿ ਕੀ ਤੁਹਾਡੇ ਕੰਪਿਊਟਰ 'ਤੇ ਆਵਾਜ਼ ਆਉਂਦੀ ਹੈ। ਆਪਣੇ ਹੈੱਡਸੈੱਟਾਂ ਪਹਿਨੋ ਅਤੇ ਆਵਾਜ਼ ਸੁਣਨ ਲਈ ਚੱਕਰ ਵਿੱਚਲੇ ਸਪੀਕਰ ਦਾ ਆਈਕਨ ਚੁਣੋ। ਜੇਕਰ ਤੁਸੀਂ ਘੰਟੀ ਸੁਣਦੇ ਹੋ, ਤਾਂ ਹਾਂ (YES) ਚੁਣੋ। ਜੇ ਨਹੀਂ, ਤਾਂ ਆਪਣਾ ਹੱਥ ਉਠਾਓ।

**ਕਹੋ:** ਤੁਹਾਡੇ ਟੈਸਟ ਦੇ ਨਜ਼ਰ ਆਉਣ ਤੋਂ ਪਹਿਲਾਂ, ਤੁਸੀਂ ਟੈਸਟ ਟੂਲਸ ਅਤੇ ਬਟਨਾਂ ਨੂੰ ਸੂਚੀਬੱਧ ਕਰਨ ਵਾਲਾ ਇੱਕ ਟਿਊਟੋਰਿਅਲ ਪੰਨਾ ਦੇਖੋਗੇ ਜੋ ਤੁਸੀਂ ਟੈਸਟ ਦੌਰਾਨ ਵਰਤ ਸਕਦੇ ਹੋ ਜਾਂ ਉਹ ਟੂਲਸ ਅਤੇ ਬਟਨ ਜੋ ਟੈਸਟ ਵਿੱਚ ਦਿਖਾਈ ਦੇਣਗੇ। ਤੁਸੀਂ ਮਦਦ (HELP) ਬਟਨ ਨੂੰ ਚੁਣ ਕੇ ਇਹ ਜਾਣਕਾਰੀ ਆਪਣੇ ਟੈਸਟ ਦੌਰਾਨ ਵੀ ਲੱਭ ਸਕਦੇ ਹੋ।

ਜਦੋਂ ਤੁਸੀਂ ਆਪਣਾ ਟੈਸਟ ਸ਼ੁਰੂ ਕਰਨ ਲਈ ਤਿਆਰ ਹੋ, ਤਾਂ ਪੰਨੇ ਦੇ ਹੇਠਾਂ ਹੁਣ ਟੈਸਟ ਸ਼ੁਰੂ ਕਰੋ (BEGIN TEST NOW) ਨੂੰ ਚੁਣੋ।

**ਪੰਨਾ 52**

**ਪ੍ਰੀਖਿਆ ਦੌਰਾਨ ਵਿਦਿਆਰਥੀ ਲਈ ਨਿਰਦੇਸ਼**

**ਕਹੋ:** ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਪੂਰੀ ਕੋਸ਼ਿਸ਼ ਕਰੋ। ਕੀ ਤੁਹਾਨੂੰ ਟੈਸਟ ਨੂੰ ਰੋਕਣ ਅਤੇ ਇੱਕ ਬ੍ਰੇਕ ਲੈਣ ਦੀ ਲੋੜ ਹੈ?

**ਪੰਨਾ 53**

**ਕਹੋ:** ਆਪਣੀ ਪੂਰੀ ਕੋਸ਼ਿਸ਼ ਕਰੋ ਅਤੇ ਉਹ ਉੱਤਰ ਚੁਣੋ ਜੋ ਤੁਹਾਡੇ ਲਈ ਸਭ ਤੋਂ ਵੱਧ ਅਰਥ ਰੱਖਦਾ ਹੋਵੇ। ਜੇਕਰ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਸਵਾਲ ਕਿਵੇਂ ਕੰਮ ਕਰਦਾ ਹੈ, ਤਾਂ ਤੁਸੀਂ ਸਕ੍ਰੀਨ ਦੇ ਸੱਜੇ ਪਾਸੇ "i" ਬਟਨ ਨੂੰ ਚੁਣ ਕੇ ਟਿਊਟੋਰਿਅਲ ਦੀ ਸਮੀਖਿਆ ਕਰ ਸਕਦੇ ਹੋ।

**ਕਹੋ:** ਅਸੀਂ ਇਸ ਟੈਸਟ ਸੈਸ਼ਨ ਦੇ ਅੰਤ ਦੇ ਨੇੜੇ ਹਾਂ। ਕਿਰਪਾ ਕਰਕੇ ਤੁਹਾਡੇ ਦੁਆਰਾ ਹੁਣੇ ਸਮੀਖਿਆ ਲਈ ਚਿੰਨ੍ਹਿਤ ਕੀਤੇ ਗਏ ਸਵਾਲਾਂ ਸਮੇਤ ਆਪਣੇ ਉੱਤਰਾਂ ਦੀ ਸਮੀਖਿਆ ਕਰੋ। ਜਦੋਂ ਤੱਕ ਤੁਸੀਂ ਸਾਰੇ ਸਵਾਲਾਂ ਦੇ ਉੱਤਰ ਨਹੀਂ ਦੇ ਦਿੰਦੇ, ਉਦੋਂ ਤੱਕ ਆਪਣਾ ਟੈਸਟ ਜਮ੍ਹਾਂ ਨਾ ਕਰੋ।

**[ਹੇਠ ਲਿਖੇ ਨੂੰ ਸਿਰਫ਼ ELA CAT ਭਾਗ ਲਈ ਪੜ੍ਹਿਆ ਜਾਣਾ ਚਾਹੀਦਾ ਹੈ]**

**ਕਹੋ:** ਜੇਕਰ ਤੁਸੀਂ ਇੱਕ ਪੜ੍ਹੇ ਜਾਣ ਵਾਲੇ ਪੈਰੇ ਲਈ ਸਵਾਲਾਂ ਦੇ ਇੱਕ ਸੈੱਟ 'ਤੇ ਕੰਮ ਕਰ ਰਹੇ ਹੋ, ਤਾਂ ਕਿਰਪਾ ਕਰਕੇ ਉਸ ਸੈੱਟ ਵਿੱਚਲੇ ਸਾਰੇ ਸਵਾਲਾਂ ਨੂੰ ਪੂਰਾ ਕਰੋ।

**[ਸਾਰੇ ਟੈਸਟਾਂ ਲਈ ਹੇਠਾਂ ਪੜ੍ਹਿਆ ਜਾਣਾ ਚਾਹੀਦਾ ਹੈ]**

**ਕਹੋ:** ਜੇ ਤੁਹਾਨੂੰ ਵਾਧੂ ਸਮੇਂ ਦੀ ਲੋੜ ਹੈ ਤਾਂ ਮੈਨੂੰ ਦੱਸੋ।

**ਪੰਨਾ 54**

**ਕਹੋ:** ਇਹ ਟੈਸਟ ਸੈਸ਼ਨ ਹੁਣ ਖਤਮ ਹੋ ਗਿਆ ਹੈ। ਜੇਕਰ ਤੁਸੀਂ ਟੈਸਟ ਪੂਰਾ ਨਹੀਂ ਕੀਤਾ ਹੈ, ਤਾਂ ਰੁਕਣਾ (PAUSE) ਦੀ ਚੋਣ ਕਰੋ, ਅਤੇ ਤੁਸੀਂ ਟੈਸਟ ਕਿਸੇ ਹੋਰ ਸਮੇਂ 'ਤੇ ਪੂਰਾ ਕਰ ਸਕੋਗੇ।

**[ਕੰਪਿਊਟਰ ਅਡੈਪਟਿਵ ਟੈਸਟ ਵਾਲੇ ਹਿੱਸੇ ਲਈ ਨਿਮਨਲਿਖਤ ਨੂੰ ਸਿਰਫ਼ ਤਾਂ ਹੀ ਪੜ੍ਹਿਆ ਜਾਣਾ ਚਾਹੀਦਾ ਹੈ ਜੇਕਰ ਟੈਸਟ ਨੂੰ ਰੋਕਣ ਦਾ ਸਮਾਂ 20 ਮਿੰਟਾਂ ਤੋਂ ਵੱਧ ਹੈ, ਉਦਾਹਰਨ ਲਈ, ਵਿਦਿਆਰਥੀ ਕਿਸੇ ਹੋਰ ਦਿਨ ਟੈਸਟ ਜਾਰੀ ਰੱਖੇਗਾ]**

**ਕਹੋ:** ਯਾਦ ਰੱਖੋ, ਜੇਕਰ ਤੁਸੀਂ ਟੈਸਟ ਪੂਰਾ ਨਹੀਂ ਕੀਤਾ ਹੈ ਅਤੇ ਤੁਹਾਨੂੰ 20 ਮਿੰਟਾਂ ਤੋਂ ਵੱਧ ਸਮੇਂ ਲਈ ਆਪਣੇ ਟੈਸਟ ਨੂੰ ਰੋਕਣ ਦੀ ਲੋੜ ਹੈ, ਤਾਂ ਤੁਸੀਂ ਸਮੀਖਿਆ ਲਈ ਚਿੰਨ੍ਹਿਤ ਸਵਾਲਾਂ ਸਮੇਤ ਇਸ ਟੈਸਟ ਸੈਸ਼ਨ ਦੇ ਸਵਾਲਾਂ 'ਤੇ ਵਾਪਸ ਨਹੀਂ ਜਾ ਸਕੋਗੇ। ਤੁਹਾਡੇ ਕੋਲ ਡਿਜੀਟਲ ਨੋਟਪੈਡ ਵਿੱਚ ਦਾਖਲ ਕੀਤੇ ਨੋਟਸ ਤੱਕ ਵੀ ਪਹੁੰਚ ਨਹੀਂ ਹੋਵੇਗੀ।

**ਕਹੋ:** ਜੇਕਰ ਤੁਸੀਂ ਆਪਣੇ ਟੈਸਟ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇ ਦਿੱਤੇ ਹਨ ਅਤੇ ਆਪਣੇ ਉੱਤਰਾਂ ਦੀ ਸਮੀਖਿਆ ਕਰਨੀ ਪੂਰੀ ਕਰ ਲਈ ਹੈ, ਤਾਂ ਟੈਸਟ ਦਾਖਲ ਕਰੋ (SUBMIT TEST) ਚੁਣੋ। ਮੈਂ ਹੁਣ ਕੋਈ ਵੀ ਸਕ੍ਰੈਚ ਪੇਪਰ ਜਾਂ ਹੋਰ ਸਮੱਗਰੀ ਇਕੱਠੀ ਕਰਾਂਗਾ/ਗੀ।

**[ਉਨ੍ਹਾਂ ਵਿਦਿਆਰਥੀਆਂ ਲਈ ਪ੍ਰਦਰਸ਼ਨ ਨਾਲ ਸੰਬੰਧਿਤ ਕੰਮ ਦੇ ਭਾਗ ਲਈ ਹੇਠਾਂ ਦਿੱਤੀ ਜਾਣਕਾਰੀ ਪੜ੍ਹੀ ਜਾਣੀ ਚਾਹੀਦੀ ਹੈ ਜੋ ਕਿਸੇ ਹੋਰ ਦਿਨ ਟੈਸਟਿੰਗ ਜਾਰੀ ਰੱਖਣਗੇ]**

**ਕਹੋ:** ਕਿਰਪਾ ਕਰਕੇ ਆਪਣੇ ਸਕ੍ਰੈਚ ਪੇਪਰ 'ਤੇ ਆਪਣਾ ਨਾਮ ਲਿਖੋ ਜੇਕਰ ਤੁਸੀਂ ਪ੍ਰਦਰਸ਼ਨ ਨਾਲ ਸੰਬੰਧਿਤ ਕੰਮ ਪੂਰਾ ਨਹੀਂ ਕੀਤਾ ਹੈ। ਮੈਂ ਇਸਨੂੰ ਅਗਲੇ ਟੈਸਟ ਸੈਸ਼ਨ ਦੌਰਾਨ ਵਰਤਣ ਲਈ ਇਕੱਠਾ ਕਰਾਂਗਾ/ਗੀ।

**ਕਹੋ:** ਜੇਕਰ ਤੁਸੀਂ ਆਪਣੇ ਟੈਸਟ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇ ਦਿੱਤੇ ਹਨ ਅਤੇ ਆਪਣੇ ਉੱਤਰਾਂ ਦੀ ਸਮੀਖਿਆ ਕਰਨੀ ਪੂਰੀ ਕਰ ਲਈ ਹੈ, ਤਾਂ ਟੈਸਟ ਦਾਖਲ ਕਰੋ (SUBMIT TEST) ਚੁਣੋ।

ਮੈਂ ਹੁਣ ਕੋਈ ਵੀ ਸਕ੍ਰੈਚ ਪੇਪਰ ਜਾਂ ਹੋਰ ਸਮੱਗਰੀ ਇਕੱਠੀ ਕਰਾਂਗਾ/ਗੀ।